## ਸਕੌਟਲੈਂਡ ਦੀ ਪਾਰਲੀਮੈਂਟ ਦੁਆਰਾ ਮੁਹੱਈਆ ਕੀਤੀ ਜਾਂਦੀ ਭਾਸ਼ਾ ਸਹਾਇਤਾ

ਸਕੌਟਲੈਂਡ ਦੀ ਪਾਰਲੀਮੈਂਟ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਸਕੌਟਲੈਂਡ ਵਿੱਚ ਹਰ ਵਿਅਕਤੀ ਇਸਦੇ ਕੰਮਕਾਜ ਵਿੱਚ ਸ਼ਾਮਲ ਹੋ ਸਕਦਾ ਹੈ, ਭਾਵੇਂ ਉਹ ਕੋਈ ਵੀ ਭਾਸ਼ਾ ਵਰਤਦਾ ਹੋਵੇ।

ਸਰਬਜਨਕ ਜਾਣਕਾਰੀ ਸੇਵਾ (Public Information) ਤੁਹਾਡੇ ਲਈ ਕਿਸੇ ਵੀ ਭਾਸ਼ਾ ਵਿੱਚ ਜਾਣਕਾਰੀ ਅਤੇ ਬੇਨਤੀਆਂ ਲਈ ਪਹਿਲਾ ਸੰਪਰਕ ਬਿੰਦੂ ਹੈ। ਅਸੀਂ ਇਹ ਮੁਲਾਂਕਣ ਕਰਾਂਗੇ ਕਿ ਕੀ ਲੋੜੀਂਦਾ ਹੈ ਅਤੇ ਤੁਹਾਡੀ ਬੇਨਤੀ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਾਂਗੇ।

## ਮੈਂ ਆਪਣੀ ਭਾਸ਼ਾ ਵਿੱਚ ਕੋਈ ਪੁੱਛਗਿੱਛ ਕਿਵੇਂ ਕਰ ਸਕਦਾ ਜਾਂ ਸਕਦੀ ਹਾਂ?

ਤੁਸੀਂ ਸਕੌਟਲੈਂਡ ਦੀ ਪਾਰਲੀਮੈਂਟ ਜਾਂ ਆਪਣੇ MSPs ਨੂੰ ਕਿਸੇ ਵੀ ਭਾਸ਼ਾ ਵਿੱਚ ਚਿੱਠੀ ਲਿਖ ਸਕਦੇ ਹੋ ਜਾਂ ਈਮੇਲ ਕਰ ਸਕਦੇ ਹੋ। ਤੁਸੀਂ ਕਿਸੇ ਵੀ ਭਾਸ਼ਾ ਵਿੱਚ ਕਮੇਟੀ ਨੂੰ ਪਟੀਸ਼ਨ ਜਾਂ ਲਿਖਤੀ ਪ੍ਰਮਾਣ ਵੀ ਭੇਜ ਸਕਦੇ ਹੋ। ਕਿਉਂਕਿ ਸਾਨੂੰ ਬਾਹਰੀ ਏਜੰਸੀਆਂ ਨਾਲ ਵਿਆਖਿਆ ਅਤੇ ਅਨੁਵਾਦ ਸੇਵਾਵਾਂ ਦਾ ਪ੍ਰਬੰਧ ਕਰਨਾ ਪੈਂਦਾ ਹੈ, ਇਸ ਲਈ ਤੁਹਾਡੀ ਪੁੱਛਗਿੱਛ ਨਾਲ ਲਿਖਤੀ ਰੂਪ ਵਿੱਚ ਜਾਂ ਰਿਕਾਰਡ ਕੀਤੇ ਜਾ ਸਕਣ ਵਾਲੇ ਰੂਪ ਵਿੱਚ ਨਜਿੱਠਣਾ ਵਧੇਰੇ ਸੌਖਾ ਹੁੰਦਾ ਹੈ ਮਿਸਾਲ ਲਈ ਬ੍ਰਿਟਿਸ਼ ਸਾਈਨ ਲੈਂਗੁਏਜ (BSL) ਪ੍ਰਯੋਗ ਕਰਨ ਵਾਲਿਆਂ ਤੋਂ ਡੀਵੀਡੀ ਜਾਂ ਵੀਡੀਓ।

ਅਸੀਂ ਅੰਗ੍ਰੇਜ਼ੀ ਜਾਂ ਗੇਲਿਕ ਭਾਸ਼ਾ ਵਿੱਚ ਕਾਲਾਂ, ਟੈਕਸਟਫ਼ੋਨ ਕਾਲਾਂ ਅਤੇ ਲਿਖਤੀ ਸੁਨੇਹੇ ਸਵੀਕਾਰ ਕਰਨ ਦੇ ਸਮਰੱਥ ਹਾਂ। ਜੇ ਤੁਸੀਂ ਅੰਗ੍ਰੇਜ਼ੀ ਨਹੀਂ ਬੋਲਦੇ ਤਾਂ ਸਾਨੂੰ, ਤੁਹਾਡੀ ਤਰਫੋਂ ਕਿਸੇ ਦੋਸਤ ਜਾਂ ਰਿਸ਼ਤੇਦਾਰ ਵੱਲੋਂ ਸਾਨੂੰ ਫ਼ੋਨ ਕਰਨ 'ਤੇ ਖੁਸ਼ੀ ਮਹਿਸੂਸ ਹੋਵੇਗੀ।

## ਮੈਂ ਕੀ ਮੰਗ ਕਰ ਸਕਦਾ ਜਾਂ ਸਕਦੀ ਹਾਂ?

ਤੁਸੀਂ ਸੰਸਦੀ ਕੰਮਕਾਜ ਵਿੱਚ ਸ਼ਾਮਲ ਹੋ ਸਕੋ, ਇਸਦੇ ਲਈ ਤੁਸੀਂ ਸਕੌਟਲੈਂਡ ਦੀ ਪਾਰਲੀਮੈਂਟ ਦੁਆਰਾ ਤਿਆਰ ਕੀਤੀ ਜਾਣਕਾਰੀ ਨੂੰ ਤੁਹਾਡੇ ਦੁਆਰਾ ਵਰਤੀ ਜਾਂਦੀ ਭਾਸ਼ਾ ਵਿੱਚ ਅਨੁਵਾਦ ਕਰਾਉਣ ਲਈ ਕਹਿ ਸਕਦੇ ਹੋ। ਜੇ ਤੁਹਾਨੂੰ ਕਿਸੇ ਕਮੇਟੀ ਮੀਟਿੰਗ 'ਤੇ ਪ੍ਰਮਾਣ ਦੇਣ ਲਈ ਸੱਦਿਆ ਜਾਂਦਾ ਹੈ ਜਾਂ ਜੇ ਤੁਹਾਨੂੰ ਸੰਸਦੀ ਕਾਰੋਬਾਰ ਵਿੱਚ ਸ਼ਾਮਲ ਹੋਣ ਲਈ ਮਦਦ ਦੀ ਲੋੜ ਹੋਵੇ ਤਾਂ ਤੁਸੀਂ ਇੱਕ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ। ਅਸੀਂ ਉਦੇਸ਼, ਸਮਾਂ ਅਵਧੀ ਅਤੇ ਲਾਗਤ ਨੂੰ ਧਿਆਨ ਵਿੱਚ ਰਖਦੇ ਹੋਏ, ਸਾਰੀਆਂ ਜਾਇਜ਼ ਬੇਨਤੀਆਂ ਵਿੱਚ ਸਹਾਇਤਾ ਕਰਾਂਗੇ। ਇਹ ਸੇਵਾਵਾਂ ਉਪਲਬਧਤਾ 'ਤੇ ਨਿਰਭਰ ਕਰਦੀਆਂ ਹਨ ਅਤੇ ਇਹਨਾਂ ਨੂੰ ਘੱਟੋ-ਘੱਟ ਦੋ ਹਫ਼ਤੇ ਪਹਿਲਾਂ ਨਿਯਤ ਕੀਤਾ ਜਾਣਾ ਚਾਹੀਦਾ ਹੈ।

## ਜੇ ਮੈਨੂੰ ਇੱਕ ਦੁਭਾਸ਼ੀਏ ਦੀ ਲੋੜ ਹੋਵੇ ਤਾਂ ਜੋ ਮੈਂ ਪਾਰਲੀਮੈਂਟ ਵਿਖੇ ਕਿਸੇ ਪ੍ਰੋਗਰਾਮ 'ਤੇ ਆ ਸਕਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਕਿਸੇ ਪ੍ਰੋਗਰਾਮ ਦੇ ਦੌਰਾਨ ਇੱਕ ਦੁਭਾਸ਼ੀਏ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਪ੍ਰੋਗਰਾਮ ਤੋਂ ਪਹਿਲਾਂ ਜਿੰਨੀ ਛੇਤੀ ਹੋ ਸਕੇ, ਉਸ ਗਰੁੱਪ ਦੇ ਪ੍ਰੋਗਰਾਮ ਪ੍ਰਬੰਧਕ ਨੂੰ ਸੰਪਰਕ ਕਰੋ ਜਿਸਨੇ ਤੁਹਾਨੂੰ ਸੱਦਾ ਦਿੱਤਾ ਹੈ। ਕਿਰਪਾ ਕਰਕੇ ਇਹ ਗੱਲ

ਧਿਆਨ ਵਿੱਚ ਰੱਖੋ ਕਿ ਦੋ ਹਫ਼ਤਿਆਂ ਦਾ ਨੋਟਿਸ ਆਮ ਤੌਰ 'ਤੇ ਕਿਸੇ ਦੁਭਾਸ਼ੀਏ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਲੋੜੀਂਦਾ ਘੱਟੋ-ਘੱਟ ਸਮਾਂ ਹੁੰਦਾ ਹੈ।

**ਮੈਂ ਆਪਣੇ MSPs ਨਾਲ ਕਿਵੇਂ ਸੰਪਰਕ ਕਰਾਂ?**

ਤੁਸੀਂ ਕਿਸੇ ਵੀ ਭਾਸ਼ਾ ਵਿੱਚ MSP ਨੂੰ ਲਿਖ ਸਕਦੇ ਹੋ। ਜੇ ਤੁਸੀਂ ਕਿਸੇ MSP ਦੇ ਨਾਲ ਕਿਸੇ ਮਾਮਲੇ 'ਤੇ ਚਰਚਾ ਕਰਨੀ ਚਾਹੁੰਦੇ ਹੋ ਤਾਂ ਤੁਸੀਂ ਉਹਨਾਂ ਨੂੰ ਮੀਟਿੰਗ ਦੇ ਲਈ ਦੁਭਾਸ਼ੀਆ ਸੇਵਾਵਾਂ ਦਾ ਪ੍ਰਬੰਧ ਕਰਨ ਲਈ ਆਖ ਸਕਦੇ ਹੋ।

**ਪ੍ਰਬੰਧ ਕਰਨ ਵਿੱਚ ਕਿੰਨਾ ਸਮਾਂ ਲੱਗੇਗਾ?**

ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ ਜਿੰਨਾ ਹੋ ਸਕੇ ਵੱਧ ਤੋਂ ਵੱਧ ਨੋਟਿਸ ਦਿਓ। ਘੱਟੋ-ਘੱਟ ਦੋ ਹਫ਼ਤਿਆਂ ਦੇ ਨੋਟਿਸ ਦੀ ਆਮ ਤੌਰ 'ਤੇ ਲੋੜ ਹੁੰਦੀ ਹੈ, ਭਾਵੇਂ ਕਿ ਕੁਝ ਭਾਸ਼ਾਵਾਂ ਲਈ, ਅਤੇ ਜਿੱਥੇ ਇੱਕ ਤੋਂ ਵੱਧ ਦੁਭਾਸ਼ੀਏ ਦੀਆਂ ਸੇਵਾਵਾਂ ਦੀ ਲੋੜ ਹੋਵੇ ਉੱਥੇ ਦੁਭਾਸ਼ੀਆਂ ਦਾ ਪ੍ਰਬੰਧ ਕਰਨ ਵਿੱਚ ਵਧੇਰੇ ਸਮਾਂ ਲੱਗ ਸਕਦਾ ਹੈ।

ਚਿੱਠੀ-ਪੱਤਰ ਦੇ ਅਨੁਵਾਦ ਦਾ ਪ੍ਰਬੰਧ ਆਮ ਤੌਰ 'ਤੇ ਪੰਜ ਕੰਮਕਾਜੀ ਦਿਨਾਂ ਦੇ ਅੰਦਰ-ਅੰਦਰ ਕੀਤਾ ਜਾ ਸਕਦਾ ਹੈ। ਹਾਲਾਂਕਿ, ਲੰਬੇ ਦਸਤਾਵੇਜ਼ਾਂ (3,000 ਸ਼ਬਦਾਂ ਤੋਂ ਵੱਧ), BSL ਰਿਕਾਰਡਿੰਗਜ਼ ਜਾਂ ਕੁਝ ਖਾਸ ਭਾਸ਼ਾਵਾਂ ਵਿੱਚ ਅਨੁਵਾਦਾਂ 'ਤੇ 20 ਕੰਮਕਾਜੀ ਦਿਨਾਂ ਤੱਕ ਦਾ ਸਮਾਂ ਲੱਗ ਸਕਦਾ ਹੈ।

**ਕੀ ਮੈਨੂੰ ਕਿਸੇ ਅਨੁਵਾਦ ਜਾਂ ਕਿਸੇ ਦੁਭਾਸ਼ੀਏ ਲਈ ਭੁਗਤਾਨ ਕਰਨਾ ਪਏਗਾ?**

ਸਕੌਟਲੈਂਡ ਦੀ ਪਾਰਲੀਮੈਂਟ ਜਨਤਾ ਦੇ ਉਹਨਾਂ ਮੈਂਬਰਾਂ ਤੋਂ ਕੋਈ ਵਸੂਲੀ ਨਹੀਂ ਕਰਦੀ ਜਿਹਨਾਂ ਨੂੰ ਜਾਇਜ਼ ਰੂਪ ਵਿੱਚ ਕਿਸੇ ਅਨੁਵਾਦ ਦੀ ਲੋੜ ਹੁੰਦੀ ਹੈ ਜਾਂ ਜਿਹਨਾਂ ਨੂੰ ਕਿਸੇ ਕਮੇਟੀ ਨੂੰ ਪ੍ਰਮਾਣ ਦੇਣ, ਕਿਸੇ MSP ਨੂੰ ਮਿਲਣ ਜਾਂ ਸੰਸਦੀ ਕਾਰੋਬਾਰ ਵਿੱਚ ਸ਼ਾਮਲ ਹੋਣ ਲਈ ਦੁਭਾਸ਼ੀਏ ਦੀ ਲੋੜ ਹੁੰਦੀ ਹੈ। BSL ਪ੍ਰਾਵਧਾਨ ਲਈ ਕੋਈ ਵਾਧੂ ਖਰਚਾ ਨਹੀਂ ਹੈ।

**ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?**

ਤੁਸੀਂ ਸਾਡੀ ਵੈਬਸਾਈਟ 'ਤੇ ਸਕੌਟਲੈਂਡ ਦੀ ਪਾਰਲੀਮੈਂਟ ਦੀ ਭਾਸ਼ਾ ਸਬੰਧੀ ਨੀਤੀ ਵੇਖ ਸਕਦੇ ਹੋ। ਤੁਹਾਨੂੰ ਜੋ ਵੀ ਲੋੜ ਹੈ ਉਸ ਬਾਰੇ ਚਰਚਾ ਕਰਨ ਲਈ ਤੁਸੀਂ ਸਰਬਜਨਕ ਜਾਣਕਾਰੀ ਸੇਵਾ ਨੂੰ ਵੀ ਸੰਪਰਕ ਕਰ ਸਕਦੇ ਹੋ।

**ਸੰਪਰਕ ਵੇਰਵੇ**


**Public Information**
The Scottish Parliament
Edinburgh
EH99 1SP

ਟੈਲੀਫ਼ੋਨ: 0800 092 7500
0131 348 5000

ਟੈਕਸਟ: 07786 209888

ਈਮੇਲ: sp.info@scottish.parliament.uk